# ਤਤਕਾਲ ਹਵਾਲੇ ਲਈ ਮਰੀਜ਼ ਦੀ ਜਾਣਕਾਰੀ

## ਇਸ ਜਾਣਕਾਰੀ ਸ਼ੀਟ ਤੋਂ ਇਹ ਪਤਾ ਲੱਗਦਾ ਹੈ ਕਿ ਤੁਹਾਡੇ ਜੀ.ਪੀ. (GP) ਨੇ ਤੁਹਾਨੂੰ ਤੁਰੰਤ ਹਸਪਤਾਲ ਕਿਉਂ ਰੈਫਰ ਕੀਤਾ ਹੈ ਅਤੇ ਤੁਹਾਨੂੰ ਕੀ ਕਰਨ ਦੀ ਜ਼ਰੂਰਤ ਹੈ

### ਮੈਨੂੰ ਤੁਰੰਤ ਹਸਪਤਾਲ ਕਿਉਂ ਰੈਫਰ ਕੀਤਾ ਗਿਆ ਹੈ?

ਤੁਹਾਨੂੰ ਤੁਰੰਤ ਰੈਫਰ ਕੀਤਾ ਗਿਆ ਹੈ ਕਿਉਂਕਿ ਤੁਹਾਡੇ ਜੀ.ਪੀ. (GP) ਨੂੰ ਇਹ ਲੱਗਦਾ ਹੈ ਕਿ ਤੁਹਾਡੇ ਲੱਛਣਾਂ ਲਈ ਹੋਰ ਜਾਂਚ ਦੀ ਲੋੜ ਹੈ। ਅਜਿਹੀਆਂ ਬਹੁਤ ਸਾਰੀਆਂ ਆਮ ਸਥਿਤੀਆਂ ਹਨ, ਜਿਨ੍ਹਾਂ ਨਾਲ ਇਹ ਲੱਛਣ ਜੁੜੇ ਹੋ ਸਕਦੇ ਹਨ, ਜਿਸ ਵਿੱਚ ਕੈਂਸਰ ਵੀ ਸ਼ਾਮਲ ਹੈ। ਹਾਲਾਂਕਿ, ਜ਼ਿਆਦਾਤਰ ਲੋਕ ਜਿਨ੍ਹਾਂ ਨੂੰ ਤੁਰੰਤ ਰੈਫਰ ਕੀਤਾ ਜਾਂਦਾ ਹੈ, ਉਹਨਾਂ ਨੂੰ ਕੈਂਸਰ ਨਹੀਂ ਹੁੰਦਾ ਹੈ। ਜੇਕਰ ਕੈਂਸਰ ਦਾ ਪਤਾ ਲੱਗ ਜਾਂਦਾ ਹੈ, ਤਾਂ ਇਹ ਯਕੀਨੀ ਬਣਾਉਣਾ ਕਿ ਨਿਦਾਨ ਜਲਦੀ ਕੀਤਾ ਜਾਵੇ, ਇਸਦਾ ਮਤਲਬ ਇਹ ਹੈ ਕਿ ਇਲਾਜ ਦੇ ਹੋਰ ਪ੍ਰਭਾਵਸ਼ਾਲੀ ਹੋਣ ਦੀ ਸੰਭਾਵਨਾ ਹੈ। ਇਹੀ ਕਾਰਨ ਹੈ ਕਿ ਇਹ ਬਹੁਤ ਜ਼ਰੂਰੀ ਹੈ ਕਿ ਤੁਹਾਨੂੰ ਤੁਰੰਤ ਦੇਖਿਆ ਜਾਵੇ।

**ਇਹ ਰੈਫਰਲ ਜ਼ਰੂਰੀ ਹੈ। ਤੁਹਾਨੂੰ ਅਗਲੇ 14 ਦਿਨਾਂ ਦੇ ਅੰਦਰ ਤੁਹਾਡੇ ਹਸਪਤਾਲ ਵਿੱਚ ਟੈਲੀਫ਼ੋਨ ਜਾਂ ਫੇਸ-ਟੂ-ਫੇਸ (ਆਹਮਣੇ-ਸਾਹਮਣੇ) ਮੁਲਾਕਾਤ ਦੀ ਪੇਸ਼ਕਸ਼ ਕੀਤੀ ਜਾਵੇਗੀ। ਜਲਦੀ ਨਿਦਾਨ ਪ੍ਰਾਪਤ ਕਰਨ ਲਈ ਤੁਹਾਨੂੰ ਅਗਲੇ ਚਾਰ ਹਫ਼ਤਿਆਂ ਵਿੱਚ ਹੋਰ ਟੈਸਟਾਂ ਲਈ ਮੌਜੂਦ ਰਹਿਣਾ ਪੈ ਸਕਦਾ ਹੈ। ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਤੁਸੀਂ ਇਸ ਸਮੇਂ ਦੌਰਾਨ ਉਪਲਬਧ ਹੋ।**

### ਤੁਹਾਡੇ ਜੀ.ਪੀ. (GP) ਨੂੰ ਕੀ ਜਾਣਨ ਦੀ ਲੋੜ ਹੈ?

- ਇਹ ਯਕੀਨੀ ਬਣਾਓ ਕਿ ਤੁਹਾਡੇ ਜੀ.ਪੀ. (GP) ਕੋਲ ਤੁਹਾਡਾ ਸਹੀ ਪਤਾ ਅਤੇ ਟੈਲੀਫ਼ੋਨ ਨੰਬਰ ਹੈ, ਜਿਸ ਵਿੱਚ ਤੁਹਾਡੇ ਕੋਲ ਹੋਣ ਵਾਲਾ ਇੱਕ ਮੋਬਾਈਲ ਨੰਬਰ ਵੀ ਸ਼ਾਮਲ ਹੈ ਕਿਉਂਕਿ ਹਸਪਤਾਲ ਤੁਹਾਡੇ ਨਾਲ ਟੈਲੀਫ਼ੋਨ ਰਾਹੀਂ ਸੰਪਰਕ ਕਰ ਸਕਦਾ ਹੈ।
- ਜੇਕਰ ਤੁਸੀਂ ਅਗਲੇ ਚਾਰ ਹਫ਼ਤਿਆਂ ਦੇ ਅੰਦਰ ਮੁਲਾਕਾਤਾਂ ਵਿੱਚ ਸ਼ਾਮਲ ਹੋਣ ਲਈ ਅਸਮਰੱਥ ਹੋ, ਤਾਂ ਕਿਰਪਾ ਕਰਕੇ ਆਪਣੇ ਜੀ.ਪੀ. (GP) ਨੂੰ ਦੱਸੋ।
- ਜੇਕਰ ਤੁਹਾਨੂੰ ਕਿਸੇ ਅਨੁਵਾਦਕ ਦੀ ਜ਼ਰੂਰਤ ਹੈ, ਐਕਸੈਸ ਦੀ ਜ਼ਰੂਰਤ ਹੈ ਜਾਂ ਤੁਸੀਂ ਕੋਈ ਮਹਿਲਾ ਸਲਾਹਕਾਰ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਅਪੌਇੰਟਮੈਂਟ ਤੋਂ ਪਹਿਲਾਂ ਹਸਪਤਾਲ ਵਿੱਚ ਦੱਸੋ।
- ਜੇਕਰ ਤੁਹਾਨੂੰ ਦੋ ਹਫ਼ਤਿਆਂ ਦੇ ਅੰਦਰ ਹਸਪਤਾਲ ਤੋਂ ਅਪੌਇੰਟਮੈਂਟ ਨਹੀਂ ਮਿਲੀ ਹੈ, ਤਾਂ ਕਿਰਪਾ ਕਰਕੇ ਆਪਣੇ ਜੀ.ਪੀ. (GP) ਅਭਿਆਸ ਨਾਲ ਸੰਪਰਕ ਕਰੋ। ਵਿਕਲਪਕ ਤੌਰ ਤੇ, ਜੇਕਰ ਤੁਸੀਂ ਉਸ ਹਸਪਤਾਲ ਵਿੱਚ ਕਿਸੇ ਨੂੰ ਜਾਣਦੇ ਹੋ, ਜਿੱਥੇ ਤੁਹਾਨੂੰ ਰੈਫਰ ਕੀਤਾ ਗਿਆ ਹੈ, ਤਾਂ ਤੁਸੀਂ ਉਨ੍ਹਾਂ ਦੇ ਮਰੀਜ਼ ਸਲਾਹ ਅਤੇ ਸੰਪਰਕ ਸੇਵਾਵਾਂ (Patient Advice and Liaison Services, PALS) ਵਿਭਾਗ ਨਾਲ ਸੰਪਰਕ ਕਰ ਸਕਦੇ ਹੋ।

### ਇਸਤੋਂ ਬਾਅਦ ਕੀ ਹੋਵੇਗਾ?

ਤੁਹਾਡਾ ਜੀ.ਪੀ. (GP) ਅਭਿਆਸ ਤੁਹਾਡੇ ਲਈ ਇੱਕ ਮੁਲਕਾਤ ਬੁੱਕ ਕਰੇਗਾ। ਜੇਕਰ ਤੁਹਾਡਾ ਜੀ.ਪੀ. (GP) ਤੁਹਾਡੇ ਲਈ ਮੁਲਾਕਾਤ ਬੁੱਕ ਕਰਨ ਦੇ ਯੋਗ ਨਹੀਂ ਹੈ, ਤਾਂ ਹਸਪਤਾਲ ਇਸਦਾ ਪ੍ਰਬੰਧ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗਾ।

ਹਸਪਤਾਲ ਨਾਲ ਤੁਹਾਡੀ ਸ਼ੁਰੂਆਤੀ ਮੁਲਾਕਾਤ ਕਿਸੇ ਨਰਸ ਮਾਹਰ (ਵਿਸ਼ੇਸ਼ੱਗ) ਨਾਲ ਟੈਲੀਫ਼ੋਨ ਜਾਂ ਵੀਡੀਓ ਕਾਲ ਹੋ ਸਕਦੀ ਹੈ। ਨਰਸ ਮਾਹਰ (ਵਿਸ਼ੇਸ਼ੱਗ) ਤੁਹਾਡੇ ਲੱਛਣਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੇਗੀ। ਵਿਕਲਪਕ

ਤੌਰ ਤੇ, ਤੁਹਾਡੀ ਕਿਸੇ ਮਾਹਰ (ਵਿਸ਼ੇਸ਼ੱਗ) ਨਾਲ ਫੇਸ-ਟੂ-ਫੇਸ (ਆਹਮਣੇ-ਸਾਹਮਣੇ) ਮੁਲਾਕਾਤ ਹੋ ਸਕਦੀ ਹੈ।

**ਕਿਰਪਾ ਕਰਕੇ ਨੋਟ ਕਰੋ**: *ਜੇਕਰ ਤੁਸੀਂ ਕਾਲ ਰਿਕਾਰਡ ਕਰਨਾ ਚਾਹੁੰਦੇ ਹੋ ਜਾਂ ਕਾਲ ਵਿੱਚ ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਸ਼ਾਮਲ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਡਾਕਟਰ ਨੂੰ ਸੂਚਿਤ ਕਰਨਾ ਚਾਹੀਦਾ ਹੈ।*

ਹਸਪਤਾਲ ਤੁਹਾਨੂੰ ਤੁਹਾਡੀਆਂ ਵਿਅਕਤੀਗਤ ਮੁਲਾਕਾਤਾਂ ਜਾਂ ਉਨ੍ਹਾਂ ਟੈਸਟਾਂ ਬਾਰੇ ਦਿਸ਼ਾ-ਨਿਰਦੇਸ਼ ਭੇਜੇਗਾ, ਜਿਨ੍ਹਾਂ ਦੀ ਤੁਹਾਡੇ ਹਸਪਤਾਲ ਵਿੱਚ ਦਾਖ਼ਲ ਹੋਣ ਵਾਲੇ ਦਿਨ ਹੋਣ ਦੀ ਸੰਭਾਵਨਾ ਹੈ। ਕਿਰਪਾ ਕਰਕੇ ਆਪਣੀ ਮੁਲਾਕਾਤ ਦੀ ਤਿਆਰੀ ਬਾਰੇ ਨਵੀਨਤਮ ਸਲਾਹ ਲਈ ਇਹਨਾਂ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਨਾਲ ਦੇਖੋ।

ਇੱਕ ਵਾਰ ਜਦੋਂ ਤੁਸੀਂ ਹਸਪਤਾਲ ਨਾਲ ਆਪਣੀ ਮਿਤੀ ਤੇ ਸਹਿਮਤ ਹੋ ਜਾਂਦੇ ਹੋ, ਤਾਂ ਤੁਹਾਡਾ ਹਾਜ਼ਰ ਹੋਣਾ ਬਹੁਤ ਮਹੱਤਵਪੂਰਨ ਹੁੰਦਾ ਹੈ। ਕਿਰਪਾ ਕਰਕੇ ਆਪਣੇ ਪੁਸ਼ਟੀਕਰਨ ਪੱਤਰ ਤੇ ਦਿੱਤੇ ਗਏ ਨੰਬਰ ਤੇ ਕਾਲ ਕਰੋ, ਤਾਂ ਜੋ ਹਸਪਤਾਲ ਨੂੰ ਤੁਰੰਤ ਇਸ ਬਾਰੇ ਸੂਚਿਤ ਕੀਤਾ ਜਾ ਸਕੇ ਕਿ ਤੁਸੀਂ ਆਪਣੀ ਮੁਲਾਕਾਤ ਵਿੱਚ ਹਾਜ਼ਰ ਹੋਣ ਦੇ ਅਸਮਰੱਥ ਹੋ।

## ਹਸਪਤਾਲ ਵਿੱਚ ਕੀ ਹੋਵੇਗਾ?

ਜਦੋਂ ਤੁਹਾਡੀ ਹਸਪਤਾਲ ਸੰਬੰਧੀ ਮੁਲਾਕਾਤ ਹੁੰਦੀ ਹੈ, ਤਾਂ ਤੁਸੀਂ ਆਮ ਤੌਰ ਤੇ ਕਿਸੇ ਮਾਹਰ (ਵਿਸ਼ੇਸ਼ੱਗ) ਨੂੰ ਦੇਖੋਂਗੇ ਜਾਂ ਤੁਹਾਡਾ ਡਾਇਗਨੌਸਟਿਕ ਟੈਸਟ ਹੋਵੇਗਾ। ਤੁਹਾਨੂੰ ਪਹਿਲਾਂ ਹੀ ਦੱਸਿਆ ਜਾਵੇਗਾ ਕਿ ਕੀ ਤੁਹਾਡੀ ਮੁਲਾਕਾਤ ਦੌਰਾਨ ਤੁਹਾਨੂੰ ਕੋਈ ਟੈਸਟ ਕਰਵਾਉਣ ਦੀ ਜ਼ਰੂਰਤ ਹੈ ਜਾਂ ਨਹੀਂ, ਇਸ ਲਈ ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਤੁਸੀਂ ਪਹਿਲਾਂ ਹੀ ਤੁਹਾਨੂੰ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋ। ਤਿਆਰ ਰਹੋ ਕਿ ਉਡੀਕ ਕਰਦੇ ਸਮੇਂ ਅਤੇ ਤੁਹਾਨੂੰ ਕਿਹੜੇ ਟੈਸਟਾਂ ਦੀ ਜ਼ਰੂਰਤ ਹੈ, ਇਸਦੇ ਆਧਾਰ ਤੇ ਇਹਨਾਂ ਮੁਲਾਕਾਤਾਂ ਵਿੱਚ ਕੁਝ ਘੰਟੇ ਲੱਗ ਸਕਦੇ ਹਨ।

ਤੁਹਾਡੇ ਰੈਫਰਲ ਦੇ 28 ਦਿਨਾਂ ਦੇ ਅੰਦਰ ਟੈਸਟਾਂ ਦੇ ਨਤੀਜਿਆਂ ਬਾਰੇ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ, ਪਰ ਤੁਹਾਨੂੰ ਉਸ ਦਿਨ ਤੁਹਾਡੇ ਟੈਸਟਾਂ ਦੇ ਨਤੀਜੇ ਬਾਰੇ ਦੱਸਿਆ ਜਾ ਸਕਦਾ ਹੈ। ਤੁਸੀਂ ਸਹਾਇਤਾ ਲਈ ਆਪਣੇ ਨਾਲ ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਲਿਆ ਸਕਦੇ ਹੋ ਜਾਂ ਜੇਕਰ ਤੁਹਾਨੂੰ ਇਹ ਸਮਝਣ ਲਈ ਚਿੰਤਾਵਾਂ ਹਨ ਕਿ ਡਾਕਟਰੀ ਟੀਮ ਤੁਹਾਡੇ ਨਾਲ ਕੀ ਵਿਚਾਰ-ਚਰਚਾ ਕਰੇਗੀ। ਕਿਰਪਾ ਕਰਕੇ ਮਹਿਮਾਨਾਂ ਬਾਰੇ ਮਾਰਗਦਰਸ਼ਨ ਲਈ ਆਪਣੇ ਪੱਤਰ ਦੀ ਜਾਂਚ ਕਰੋ।

## ਕੀ ਕੋਈ ਸਵਾਲ ਹਨ?

ਜੇਕਰ ਤੁਹਾਨੂੰ ਹਸਪਤਾਲ ਵਿੱਚ ਰੈਫਰ ਕਰਨ ਬਾਰੇ ਕੋਈ ਚਿੰਤਾਵਾਂ ਜਾਂ ਸਵਾਲ ਹਨ, ਤਾਂ ਕਿਰਪਾ ਕਰਕੇ ਉਸ ਵਿਅਕਤੀ ਨਾਲ ਗੱਲਬਾਤ ਕਰਨ ਲਈ ਆਪਣੀ ਜੀ.ਪੀ. (GP) ਸਰਜਰੀ ਨੂੰ ਕਾਲ ਕਰੋ, ਜਿਸਨੇ ਤੁਹਾਨੂੰ ਰੈਫਰ ਕੀਤਾ ਹੈ।

ਜੇਕਰ ਤੁਹਾਡੇ ਲੱਛਣ ਤੁਹਾਡੀ ਮੁਲਾਕਾਤ ਤੋਂ ਪਹਿਲਾਂ ਵਿਗੜ ਜਾਂਦੇ ਹਨ ਜਾਂ ਕੈਂਸਰ ਸਮਾਪਤ ਹੋਣ ਤੋਂ ਬਾਅਦ ਵੀ ਜਾਰੀ ਰਹਿੰਦੇ ਹਨ, ਤਾਂ ਕਿਰਪਾ ਕਰਕੇ ਆਪਣੇ ਜੀ.ਪੀ. (GP) ਨਾਲ ਸੰਪਰਕ ਕਰੋ।

# ਹੋਰ ਜਾਣਕਾਰੀ ਲਈ ਉਪਯੋਗੀ (ਲਾਭਦਾਇਕ) ਲਿੰਕ

https://www.cancerresearchuk.org/

https://www.macmillan.org.uk/cancer-information-and-support

## ਤੁਹਾਡੀਆਂ ਜਾਂਚਾਂ ਅਤੇ ਨਤੀਜਿਆਂ ਲਈ ਇੱਕ ਅੰਦਾਜ਼ਨ ਸਮਾਂ-ਸੀਮਾ ਹੇਠਾਂ ਦਿੱਤੀ ਗਈ ਹੈ, ਪਰ ਜੇਕਰ ਤੁਹਾਡੇ ਲੱਛਣ ਗੁੰਝਲਦਾਰ ਹਨ ਜਾਂ ਤੁਹਾਨੂੰ ਕਈ ਟੈਸਟਾਂ ਦੀ ਜ਼ਰੂਰਤ ਹੈ, ਤਾਂ ਇਹ ਸਮਾਂ-ਸੀਮਾ ਲੰਬੀ ਹੋ ਸਕਦੀ ਹੈ।

**ਰੈਫਰਲ ਸ਼ੁਰੂ ਹੋਣ ਦਾ ਸਮਾਂ**

ਉਦਾਹਰਣ ਵਜੋਂ ਖ਼ੂਨ, ਪਿਸ਼ਾਬ, ਟੱਟੀ ਦੇ ਟੈਸਟ, ਮੈਡੀਕਲ ਫ਼ੋਟੋਗ੍ਰਾਫ਼

**ਟੈਸਟ**

ਤੁਹਾਡੇ ਜੀ.ਪੀ. (GP) ਦੁਆਰਾ ਤੁਹਾਡੇ ਲੱਛਣਾਂ ਦੇ ਕਾਰਨਾਂ ਦਾ ਪਤਾ ਲਗਾਉਣ ਵਿੱਚ ਤੁਹਾਡੇ ਡਾਕਟਰ ਦੀ ਮਦਦ ਕਰਨ ਤੋਂ ਪਹਿਲਾਂ ਤੁਹਾਨੂੰ ਇੱਕ ਟੈਸਟ ਕਰਵਾਉਣ ਲਈ ਕਿਹਾ ਜਾ ਸਕਦਾ ਹੈ

**ਹਸਪਤਾਲ ਸੰਬੰਧੀ ਮੁਲਾਕਾਤ 14 ਦਿਨ**

**ਜੀ.ਪੀ. (GP) ਰੈਫਰਲ**

ਤੁਹਾਡਾ ਜੀ.ਪੀ. (GP) ਤੁਹਾਨੂੰ ਹੋਰ ਜਾਂਚ ਲਈ ਜਾਂ ਕਿਸੇ ਮਾਹਰ ਨਾਲ ਮੁਲਾਕਾਤ ਕਰਨ ਲਈ ਹਸਪਤਾਲ ਲਈ ਰੈਫਰ ਕਰੇਗਾ

ਹੋਰ ਜਾਂਚਾਂ ਕੋਲੋਨੋਸਕੋਪੀ, ਅਲਟਰਾਸਾਊਂਡ, ਐਕਸ-ਰੇ ਆਦਿ ਹੋ ਸਕਦੀਆਂ ਹਨ

**ਅੱਗੇ ਦੀ ਜਾਂਚ**

ਤੁਹਾਡੇ ਲੱਛਣਾਂ ਦੇ ਕਾਰਨ ਦਾ ਪਤਾ ਲਗਾਉਣ ਵਿੱਚ ਮਾਹਰ ਦੀ ਮਦਦ ਕਰਨ ਲਈ ਤੁਹਾਨੂੰ ਹੋਰ ਟੈਸਟਾਂ ਦੀ ਜ਼ਰੂਰਤ ਪੈ ਸਕਦੀ ਹੈ। ਕਿਰਪਾ ਕਰਕੇ ਇਸ ਮੁਲਾਕਾਤ ਨੂੰ ਤਰਜੀਹ ਦਿਓ

ਤੁਹਾਡੀ ਮੁਲਾਕਾਤ ਕਿਸੇ ਮਾਹਰ ਨਾਲ ਤੁਹਾਡੇ ਲੱਛਣਾਂ ਅਤੇ ਨਤੀਜਿਆਂ ਬਾਰੇ ਵਿਚਾਰ-ਚਰਚਾ ਕਰਨ ਲਈ ਹੋਵੇਗੀ। ਤੁਸੀਂ ਆਪਣੇ ਨਾਲ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਨੂੰ ਲਿਆ ਸਕਦੇ ਹੋ

**ਹਸਪਤਾਲ ਸੰਬੰਧੀ ਮੁਲਾਕਾਤ**

ਤੁਹਾਡਾ ਜੀ.ਪੀ. (GP) ਜਾਂ ਹਸਪਤਾਲ ਤੁਹਾਡੀ ਮੁਲਾਕਤ ਲਈ ਇੱਕ ਮਾਹਰ (ਵਿਸ਼ੇਸ਼ੱਗ) ਅਤੇ ਦਿਸ਼ਾ-ਨਿਰਦੇਸ਼ਾਂ ਨਾਲ ਇੱਕ ਤੁਰੰਤ ਮੁਲਾਕਾਤ ਦਾ ਪ੍ਰਬੰਧ ਕਰੇਗਾ। ਕਿਰਪਾ ਕਰਕੇ ਇਸ ਮੁਲਾਕਾਤ ਨੂੰ ਤਰਜੀਹ ਦਿਓ

**ਨਿਦਾਨ ਜਾਂ ਕੈਂਸਰ ਤੋਂ ਇਨਕਾਰ ਕੀਤਾ ਗਿਆ 28 ਦਿਨ**

**ਨਤੀਜੇ**

ਹਸਪਤਾਲਾਂ ਦਾ ਟੀਚਾ ਤੁਹਾਡੇ ਰੈਫਰਲ ਦੇ 28 ਦਿਨਾਂ ਦੇ ਅੰਦਰ ਟੈਸਟਾਂ ਦੇ ਨਤੀਜਿਆਂ ਬਾਰੇ ਤੁਹਾਡੇ ਨਾਲ ਸੰਪਰਕ ਕਰਨਾ ਹੋਵੇਗਾ, ਪਰ ਤੁਹਾਨੂੰ ਉਸ ਦਿਨ ਤੁਹਾਡੇ ਟੈਸਟਾਂ ਦੇ ਨਤੀਜੇ ਬਾਰੇ ਦੱਸਿਆ ਜਾ ਸਕਦਾ ਹੈ

ਤੁਹਾਡੇ ਕੋਲ ਅੰਦਰ ਹਾਲੇ ਵੀ ਅਜਿਹੇ ਲੱਛਣ ਹੋ ਸਕਦੇ ਹਨ, ਜਿਨ੍ਹਾਂ ਦੀ ਜਾਂਚ ਕਰਨ ਦੀ ਜ਼ਰੂਰਤ ਹੈ ਅਤੇ ਜੇਕਰ ਇਹ ਜਾਰੀ ਰਹਿੰਦੇ ਹਨ ਜਾਂ ਜ਼ਿਆਦਾ ਗੰਭੀਰ ਹੋ ਜਾਂਦੇ ਹਨ, ਤਾਂ ਤੁਹਾਨੂੰ ਆਪਣੇ ਜੀ.ਪੀ. (GP) ਨਾਲ ਸੰਪਰਕ ਕਰਨਾ ਚਾਹੀਦਾ ਹੈ

**ਕੈਂਸਰ ਤੋਂ ਇਨਕਾਰ ਕੀਤਾ ਗਿਆ**

ਤੁਹਾਡਾ ਮਾਹਰ ਤੁਹਾਨੂੰ ਇਹ ਦੱਸਣ ਲਈ ਲਿਖੇਗਾ ਕਿ ਕੈਂਸਰ ਸਮਾਪਤ ਹੋ ਗਿਆ ਹੈ ਅਤੇ ਇਹ ਵੀ ਦੱਸੇਗਾ ਕਿ ਇਸਤੋਂ ਬਾਅਦ ਕੀ ਹੋਵੇਗਾ।

**ਇਲਾਜ ਕਰਨ ਦਾ ਫ਼ੈਸਲਾ 31 ਦਿਨ**

**ਪਹਿਲਾ ਇਲਾਜ 62 ਦਿਨ**

ਤੁਹਾਡਾ ਮਾਹਰ (ਵਿਸ਼ੇਸ਼ੱਗ) ਤੁਹਾਨੂੰ ਇਹ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰੇਗਾ ਕਿ ਕੈਂਸਰ ਦਾ ਪਤਾ ਲਗਾਇਆ ਗਿਆ ਹੈ ਅਤੇ ਤੁਹਾਡੇ ਨਾਲ ਇਲਾਜ ਬਾਰੇ ਵਿਚਾਰ-ਚਰਚਾ ਕਰੇਗਾ

**ਕੈਂਸਰ ਦਾ ਪਤਾ ਲਗਾਇਆ ਗਿਆ**

ਤੁਹਾਡੀ ਕੈਂਸਰ ਕੇਅਰ ਟੀਮ ਅਤੇ ਤੁਹਾਡਾ ਜੀ.ਪੀ. (GP) ਦੋਵੇਂ ਤੁਹਾਡੇ ਸਵਾਲਾਂ ਦੇ ਜਵਾਬ ਦੇਣਗੇ ਕਿ ਕੀ ਉਮੀਦ ਕਰਨੀ ਹੈ ਅਤੇ ਜਦੋਂ ਤੁਸੀਂ ਇਲਾਜ ਸ਼ੁਰੂ ਕਰਦੇ ਹੋ, ਤਾਂ ਤੁਹਾਨੂੰ ਹੋਰ ਸਹਾਇਤਾ ਕਿੱਥੋਂ ਪ੍ਰਾਪਤ ਹੋ ਸਕਦੀ ਹੈ।